ਅੱਲਾਹ ਦੇ ਰਸੂਲ ਜਦੋਂ ਰੁਕੂ ਤੋਂ ਆਪਣੀ ਪਿੱਠ ਚੁੱਕਦੇ, ਤਾਂ ਇਹ ਦੁਆ ਪੜ੍ਹਦੇ: "ਸਮੀਅੱਲਾਹੁ ਲਿਮਨ ਹਮਿਦਾਹ, ਅੱਲਾਹੁੱਮਾ ਰੱਬਾਨਾ ਲਕਲ ਹਮਦ, ਮਿਲ ਅੱਸ -ਸਮਾਵਾਤੀ, ਵਾ ਮਿਲ ਅਲ-ਅਰਜ਼ੀ, ਵਾ ਮਿਲਾ ਮਾ ਸ਼ਿਅ'ਤਾ ਮਿਨ ਸ਼ੈਇਨ ਬਾਅਦ। " (ਅੱਲਾਹ ਨੇ ਉਸਦੀ ਸੁਣ ਲਈ ਜਿਸਨੇ ਉਸਦੀ ਤਾਰੀਫ਼ ਕੀਤੀ।

> ਅਬਦੁੱਲਾਹ ਬਿਨ ਅਬੁ ਔਫਾ (ਰਜ਼ੀਅੱਲਾਹੁ ਅਨਹੁ) ਤੋਂ ਰਿਵਾਇਤ ਹੈ, ਉਹ ਕਹਿੰਦੇ ਹਨ: ਅੱਲਾਹ ਦੇ ਰਸੂਲ ਜਦੋਂ ਰੁਕੂ ਤੋਂ ਆਪਣੀ ਪਿੱਠ ਚੁੱਕਦੇ, ਤਾਂ ਇਹ ਦੁਆ ਪੜ੍ਹਦੇ: "ਸਮੀਅੱਲਾਹੁ ਲਿਮਨ ਹਮਿਦਾਹ, ਅੱਲਾਹੁੱਮਾ ਰੱਬਾਨਾ ਲਕਲ ਹਮਦ, ਮਿਲ ਅੱਸ -ਸਮਾਵਾਤੀ, ਵਾ ਮਿਲ ਅਲ-ਅਰਜ਼ੀ, ਵਾ ਮਿਲਾ ਮਾ ਸ਼ਿਅ'ਤਾ ਮਿਨ ਸ਼ੈਇਨ ਬਾਅਦ।" (ਅੱਲਾਹ ਨੇ ਉਸਦੀ ਸੁਣ ਲਈ ਜਿਸਨੇ ਉਸਦੀ ਤਾਰੀਫ਼ ਕੀਤੀ। ਹੇ ਅੱਲਾਹ, ਸਾਡੇ ਰੱਬ! ਤੁਹਾਡੇ ਲਈ ਹੀ ਸਾਰੀ ਤਾਰੀਫ਼ ਹੈ; ਜੋ ਅਸਮਾਨਾਂ ਅਤੇ ਧਰਤੀ ਨੂੰ ਭਰ ਦੇਵੇ ਅਤੇ ਇਸ ਤੋਂ ਬਾਅਦ ਜੋ ਕੁਝ ਵੀ ਤੂੰ ਚਾਹੇਂ, ਉਸ ਨੂੰ ਭਰ ਦੇਵੇ।)
>
> [صحيح] [رواه مسلم]

ਅੱਲਾਹ ਦੇ ਨਬੀ ਜਦੋਂ ਨਮਾਜ਼ ਵਿੱਚ ਰੁਕੂ ਤੋਂ ਆਪਣੀ ਸਿਰ ਚੁੱਕਦੇ, ਤਾਂ ਫਰਮਾਉਂਦੇ: "سمع الله لِمَن حمده - ਸਮਿਅੱਲਾਹੁ ਲਿਮਨ ਹਮਿਦਾਹ।" ਭਾਵ ਜਿਸ ਨੇ ਅੱਲਾਹ ਦੀ ਤਾਰੀਫ ਕੀਤੀ, ਅੱਲਾਹ ਉਸਦੀ ਤਾਰੀਫ ਨੂੰ ਕਬੂਲ ਕਰਦਾ ਹੈ ਅਤੇ ਉਸ ਨੂੰ ਸਵਾਬ (ਇਨਾਮ) ਬਖਸ਼ਦਾ ਹੈ। ਫੇਰ ਇਸ ਤੋਂ ਬਾਅਦ ਨਬੀ ਇਨ੍ਹਾਂ ਸ਼ਬਦਾਂ ਰਾਹੀਂ ਅੱਲਾਹ ਦੀ ਤਾਰੀਫ਼ ਕਰਦੇ: "اللّٰهُمَّ رَبَّنَا لَكَ الْحَمْدُ، مِلْءَ السَّمَاوَاتِ وَمِلْءَ الْأَرْضِ وَمِلْءَ مَا شِئْتَ مِنْ شَيْءٍ بَعْدُ - ਅੱਲਾਹੁੱਮਾ ਰੱਬਾਨਾ ਲਕਲ ਹਮਦ, ਮਿਲ ਅੱਸ -ਸਮਾਵਾਤੀ, ਵਾ ਮਿਲ ਅਲ-ਅਰਜ਼ੀ, ਵਾ ਮਿਲਾ ਮਾ ਸ਼ਿਅ'ਤਾ ਮਿਨ ਸ਼ੈਇਨ ਬਾਅਦ।" ਭਾਵ ਸਾਡੇ ਰੱਬ ਅੱਲਾਹ ਦੀ ਤਾਰੀਫ ਹੈ — ਆਸਮਾਨਾਂ ਦੀ ਵਿਸ਼ਾਲਤਾ ਦੇ ਬਰਾਬਰ, ਜ਼ਮੀਨ ਦੀ ਵਿਸ਼ਾਲਤਾ ਦੇ ਬਰਾਬਰ, ਇਨ੍ਹਾਂ ਦੋਹਾਂ ਦੇ ਵਿਚਕਾਰ ਦੀ ਵਿਸ਼ਾਲਤਾ ਦੇ ਬਰਾਬਰ ਅਤੇ ਉਨ੍ਹਾਂ ਸਾਰੀਆਂ ਚੀਜ਼ਾਂ ਦੀ ਵਿਸ਼ਾਲਤਾ ਦੇ ਬਰਾਬਰ ਜੋ ਅੱਲਾਹ ਚਾਹੇ।

http://sunnah.global/hadeeth/pa/show/65101